# ਆਪਣੀ 3-ਕੂੜੇਦਾਨਾਂ ਵਾਲੀ ਸੇਵਾ ਦੀ ਵਰਤੋਂ ਕਿਵੇਂ ਕਰਨੀ ਹੈ




PENRITH
CITY COUNCIL

penrith.city

# ਹਰੇ ਢੱਕਣ ਵਾਲੇ FOGO ਕੂੜੇਦਾਨ

ਹਰੇ ਢੱਕਣ ਵਾਲਾ ਕੂੜੇਦਾਨ ਤੁਹਾਡਾ ਜੈਵਿਕ ਭੋਜਨ ਅਤੇ ਬਗੀਚੇ ਦੀਆਂ ਜੈਵਿਕ ਚੀਜ਼ਾਂ (Food Organics and Garden Organics) (FOGO) ਵਾਲਾ ਕੂੜੇਦਾਨ ਹੈ। ਇਹ ਕੂੜੇਦਾਨ ਹਫਤੇਵਾਰੀ ਇਕੱਠਾ ਕੀਤਾ ਜਾਂਦਾ ਹੈ, ਅਤੇ ਇਹ ਭੋਜਨ ਦੇ ਟੁਕੜਿਆਂ, ਬਚਿਆ ਹੋਇਆ ਭੋਜਨ, ਘਾਹ ਦੀਆਂ ਕਤਰਾਂ, ਬਗੀਚੇ ਦੀਆਂ ਟਾਹਣੀਆਂ ਤੇ ਪੱਤੇ, ਪੀਜ਼ੇ ਵਾਲਾ ਡੱਬਾ, ਮੱਛੀ ਅਤੇ ਚਿੱਪਸ ਵਾਲੇ ਕਾਗਜ਼, ਟਿਸ਼ੂਆਂ, ਅਤੇ ਹੋਰ ਅਜਿਹੀਆਂ ਚੀਜ਼ਾਂ ਲਈ ਹੈ।





**ਏਥੇ ਉਹਨਾਂ ਚੀਜ਼ਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ ਜੋ ਤੁਹਾਡੇ FOGO ਕੂੜੇਦਾਨ ਵਿੱਚ ਜਾ ਸਕਦੀਆਂ ਹਨ:**

- ✓ ਹੱਡੀਆਂ
- ✓ ਟਾਹਣੀਆਂ
- ✓ ਪੀਸੀ ਹੋਈ ਕੌਫੀ
- ✓ ਕੌਂਸਲ ਦੁਆਰਾ ਦਿੱਤੇ ਹਰੇ ਕੰਪੋਸਟ ਵਾਲੇ ਝੋਲੇ
- ✓ ਡੇਅਰੀ ਉਤਪਾਦ
- ✓ ਚਰਬੀ ਅਤੇ ਤੇਲ
- ✓ ਮੱਛੀ
- ✓ ਫੁੱਲ
- ✓ ਘਾਹ ਦੀਆਂ ਕਤਰਾਂ
- ✓ ਬਿੱਲੀਆਂ ਦਾ ਕੂੜਾ (ਮਿੱਟੀ ਜਾਂ ਕਾਗਜ਼ ਆਧਾਰਿਤ)
- ✓ ਪੱਤੇ
- ✓ ਬਚੇ ਹੋਏ/ਭੋਜਨ ਦੇ ਟੁਕੜੇ
- ✓ ਮੀਟ
- ✓ ਅਖ਼ਬਾਰ
- ✓ ਕਾਗਜ਼ ਦੀਆਂ ਪਲੇਟਾਂ
- ✓ ਪੇਪਰ ਟਾਵਲ
- ✓ ਪਾਲਤੂ ਜਾਨਵਰਾਂ ਦਾ ਕੂੜਾ
- ✓ ਪਾਲਤੂ ਜਾਨਵਰਾਂ ਦੀ ਜੱਤ
- ✓ ਪੀਜ਼ੇ ਦੇ ਡੱਬੇ ਅਤੇ ਭੋਜਨ ਨਾਲ ਲਿਬੜੇ ਕਾਗਜ਼ (ਜਿਵੇਂ ਕਿ ਫਾਸਟ ਫੂਡ ਰੈਪਰ, ਕਸਾਈ ਵਾਲੇ ਕਾਗਜ਼ ਆਦਿ)
- ✓ ਪੌਦਿਆਂ ਦੀਆਂ ਟਾਹਣੀਆਂ ਤੇ ਪੱਤੇ
- ✓ ਝੀਂਗੇ (ਪਰਾਅਨ) ਦੇ ਖੋਲ
- ✓ ਟਿਸ਼ੂ/ਨੈਪਕਿਨ
- ✓ ਚਾਹ ਦੀਆਂ ਥੈਲੀਆਂ ਅਤੇ ਚਾਹ ਦੇ ਪੱਤੇ
- ✓ ਟਿਸ਼ੂ
- ✓ ਟਾਹਣੀਆਂ ਅਤੇ ਡੰਡੀਆਂ
- ✓ ਸਬਜ਼ੀਆਂ ਦੇ ਛਿੱਲੜ
- ✓ ਨਦੀਨ
- ✓ ਲੱਕੜ ਅਤੇ ਫੱਟੀਆਂ (ਬਿਨਾਂ ਰਸਾਇਣ ਲੱਗੀਆਂ ਅਤੇ ਬਿਨਾਂ ਰੰਗ ਕੀਤੀਆਂ)

ਜੇ ਤੁਹਾਡੇ ਕੋਲ ਹਰੇ ਝੋਲੇ ਖਤਮ ਹੋ ਜਾਂਦੇ ਹਨ, ਤਾਂ ਕੌਂਸਲ ਦੇ ਕਿਸੇ ਵੀ ਦਫਤਰ ਜਾਂ ਲਾਇਬ੍ਰੇਰੀ ਦੀਆਂ ਸ਼ਾਖਾਵਾਂ ਤੋਂ ਮੁਫ਼ਤ ਵਿੱਚ ਵਾਧੂ ਝੋਲੇ ਲਏ ਜਾ ਸਕਦੇ ਹਨ।

# ਪੀਲੇ ਢੱਕਣ ਵਾਲੇ ਰੀਸਾਈਕਲਿੰਗ ਕੂੜੇਦਾਨ





ਪੀਲੇ ਢੱਕਣ ਵਾਲਾ ਰੀਸਾਈਕਲਿੰਗ ਕੂੜੇਦਾਨ ਕਾਗਜ਼, ਗੱਤੇ, ਬੋਤਲਾਂ, ਡੱਬੇ, ਜਾਰ, ਟੀਨ ਅਤੇ ਟੱਬਾਂ ਵਰਗੀਆਂ ਮੁੜ-ਵਰਤੋਂ ਯੋਗ ਚੀਜ਼ਾਂ ਲਈ ਹੈ ਜਿਨ੍ਹਾਂ ਨੂੰ ਨਵੀਆਂ ਸਮੱਗਰੀਆਂ ਵਿੱਚ ਮੁੜ-ਤਿਆਰ ਕੀਤਾ ਜਾ ਸਕਦਾ ਹੈ।



ਕਿਰਪਾ ਕਰਕੇ ਆਪਣੇ ਰੀਸਾਈਕਲਿੰਗ ਕੂੜੇਦਾਨ ਵਿੱਚ ਪਲਾਸਟਿਕ ਦੇ ਲਿਫਾਫਿਆਂ ਨੂੰ ਨਾ ਸੁੱਟੋ, ਕਿਉਂਕਿ ਉਹ ਮਸ਼ੀਨਰੀ ਨੂੰ ਜਾਮ ਕਰ ਸਕਦੇ ਹਨ, ਅਤੇ ਹੋਰ ਮੁੜ-ਵਰਤੋਂ ਯੋਗ ਚੀਜ਼ਾਂ ਨੂੰ ਦੋਬਾਰਾ ਵਰਤੋਂ ਯੋਗ ਬਨਾਉਣ ਤੋਂ ਰੋਕ ਸਕਦੇ ਹਨ।





**ਏਥੇ ਉਹਨਾਂ ਚੀਜ਼ਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ, ਜੋ ਤੁਹਾਡੇ ਰੀਸਾਈਕਲਿੰਗ ਕੂੜੇਦਾਨ ਵਿੱਚ ਜਾ ਸਕਦੀਆਂ ਹਨ:**

- ✓ ਐਰੋਸੋਲ ਵਾਲੇ ਡੱਬੇ
- ✓ ਐਲੂਮੀਨੀਅਮ ਦੇ ਡੱਬੇ
- ✓ ਬੋਤਲਾਂ ਅਤੇ ਜਾਰ
- ✓ ਗੱਤਾ
- ✓ ਲਿਫਾਫੇ
- ✓ ਸ਼ੀਸ਼ੇ ਦੀਆਂ ਬੋਤਲਾਂ
- ✓ ਇਸ਼ਤਿਹਾਰੀ ਕਾਗਜ਼ (ਜੰਕ ਮੇਲ)
- ✓ ਰਸਾਲੇ
- ✓ ਅਖ਼ਬਾਰਾਂ
- ✓ ਕਾਗਜ਼
- ✓ ਪਲਾਸਟਿਕ ਦੀਆਂ ਬੋਤਲਾਂ
- ✓ ਪਲਾਸਟਿਕ ਦੇ ਡੱਬੇ
- ✓ ਪਲਾਸਟਿਕ ਟੱਬ
- ✓ ਸੌਫਟ ਡਰਿੰਕ ਦੇ ਡੱਬੇ
- ✓ ਸਟੀਲ ਦੇ ਡੱਬੇ
- ✓ ਖਾਣਾ ਲਿਜਾਣ ਵਾਲੇ ਡੱਬੇ (ਟੇਕ ਅਵੇ ਕੰਟੇਨਰ)
- ✓ ਮੋਮ ਵਾਲੇ ਗੱਤੇ ਅਤੇ ਗੱਤੇ ਦੇ ਡੱਬੇ
- ✓ ਟੀਨ ਦੇ ਡੱਬੇ
- ✓ ਟਾਇਲਟ ਰੋਲ ਦੇ ਅੰਦਰੂਨੀ ਗੱਤੇ
- ✓ ਤੋਹਫੇ ਲਪੇਟਣ ਵਾਲਾ ਕਾਗਜ਼ (ਰੈਪਿੰਗ ਪੇਪਰ)



ਇਹ ਯਕੀਨੀ ਬਣਾਓ ਕਿ ਡੱਬੇ ਖਾਲੀ ਹੋਣ, ਅਤੇ ਕੂੜੇਦਾਨ ਵਿੱਚ ਸੁੱਟਣ ਤੋਂ ਪਹਿਲਾਂ ਕਿਸੇ ਵੀ ਤਰਲ ਜਾਂ ਭੋਜਨ ਦੀ ਰਹਿੰਦ-ਖੂੰਹਦ ਨੂੰ ਹਟਾਉਣ ਲਈ ਪਾਣੀ ਨਾਲ ਧੋ ਲਿਆ ਜਾਵੇ।





# ਲਾਲ ਢੱਕਣ ਵਾਲਾ ਬਚਿਆ ਹੋਇਆ ਕੂੜੇਦਾਨ

ਲਾਲ ਢੱਕਣ ਵਾਲਾ ਬਚਿਆ ਹੋਇਆ ਕੂੜੇਦਾਨ ਰਹਿੰਦ-ਖੂੰਹਦ ਲਈ ਹੈ, ਜੋ ਤੁਹਾਡੇ FOGO ਜਾਂ ਰੀਸਾਈਕਲਿੰਗ ਕੂੜੇਦਾਨ ਵਿੱਚ ਨਹੀਂ ਜਾਂਦੀ ਹੈ। ਬਚੇ ਹੋਏ ਕੂੜੇਦਾਨ ਵਿੱਚ ਰੱਖੇ ਕੂੜੇ ਦੀ ਦੁਬਾਰਾ ਵਰਤੋਂ ਨਹੀਂ ਕੀਤੀ ਜਾ ਸਕਦੀ ਅਤੇ ਨਤੀਜੇ ਵਜੋਂ, ਜ਼ਮੀਨ ਵਿੱਚ ਦੱਬਣ ਲਈ ਭੇਜਿਆ ਜਾਂਦਾ ਹੈ। ਇਹ ਮਹੱਤਵਪੂਰਣ ਹੈ ਕਿ ਇਸ ਕੂੜੇਦਾਨ ਵਿੱਚ ਕੋਈ ਰੀਸਾਈਕਲਿੰਗ, ਭੋਜਨ ਦੀ ਰਹਿੰਦ-ਖੂੰਹਦ ਜਾਂ ਬਗੀਚੇ ਦੇ ਜੈਵਿਕ ਪਦਾਰਥ ਨਾ ਰੱਖੇ ਜਾਣ।








**ਏਥੇ ਉਹਨਾਂ ਚੀਜ਼ਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ, ਜੋ ਤੁਹਾਡੇ ਬਚੇ ਹੋਏ ਕੂੜੇਦਾਨ ਵਿੱਚ ਜਾ ਸਕਦੀਆਂ ਹਨ:**


- ✓ ਚਿੱਪਸ ਵਾਲੇ ਪੈਕੇਟ
- ✓ ਸਿਗਰਟ ਦੇ ਟੁਕੜੇ
- ✓ ਕੱਪੜੇ
- ✓ ਕੱਪ ਪਲੇਟਾਂ/ਛੁਰੀ-ਕਾਂਟੇ (ਕਰਾਕਰੀ/ਕਟਲਰੀ)
- ✓ ਸਫਾਈ ਵਾਲੇ ਉਤਪਾਦ
- ✓ ਬਿੱਲੀਆਂ ਦਾ ਕੂੜਾ (ਕ੍ਰਿਸਟਲ-ਆਧਾਰਿਤ)
- ✓ ਨੈਪੀਆਂ
- ✓ ਪਲਾਸਟਿਕ ਦੇ ਥੈਲੇ
- ✓ ਪਲਾਸਟਿਕ ਫਿਲਮ
- ✓ ਪਲਾਸਟਿਕ ਦੇ ਪੈਕੇਟ
- ✓ ਪਲਾਸਟਿਕ ਰੈਪਰ
- ✓ ਖਰੀਦਦਾਰੀ ਕਰਨ ਵਾਲੇ ਝੋਲੇ
- ✓ ਸਟਾਈਰੋਫੋਮ ਪੌਲੀਸਟਾਇਰੀਨ
- ✓ ਰੈਪਰ



ਇਸ ਕੂੜੇਦਾਨ ਵਿੱਚ ਬੈਟਰੀਆਂ, ਰੰਗ-ਰੋਗਨ ਜਾਂ ਗੈਸ ਦੀਆਂ ਬੋਤਲਾਂ ਵਰਗੇ ਕਿਸੇ ਵੀ ਖਤਰਨਾਕ ਕੂੜੇ ਨੂੰ ਨਾ ਸੁੱਟੋ, ਕਿਉਂਕਿ ਇਹ ਚੀਜ਼ਾਂ ਟਰੱਕਾਂ ਨੂੰ ਅੱਗ ਲੱਗਣ ਦਾ ਕਾਰਨ ਬਣ ਸਕਦੀਆਂ ਹਨ। ਇਹ ਚੀਜ਼ਾਂ Penrith ਭਾਈਚਾਰਕ ਰੀਸਾਈਕਲਿੰਗ ਕੇਂਦਰ (Penrith Community Recycling Centre) ਵਿਖੇ ਮੁਫਤ ਵਿੱਚ ਸੁੱਟੀਆਂ ਜਾ ਸਕਦੀਆਂ ਹਨ।


# 3-ਕੂੜੇਦਾਨਾਂ ਦੀ ਛਾਂਟੀ ਕਰਨ ਵਾਲੀ ਗਾਈਡ

## FOGO ਕੂੜੇਦਾਨ




ਕੋਈ ਪਲਾਸਟਿਕ ਦੇ ਲਿਫਾਫੇ ਨਹੀਂ, ਕੋਈ ਰੀਸਾਈਕਲਿੰਗ ਨਹੀਂ, ਕੋਈ ਕੱਚ ਅਤੇ ਕੋਈ ਸੂਈਆਂ/ਤਿੱਖੀਆਂ ਚੀਜ਼ਾਂ ਨਹੀਂ

## ਰੀਸਾਈਕਲਿੰਗ ਕੂੜੇਦਾਨ





ਕੋਈ ਪਲਾਸਟਿਕ ਦੇ ਲਿਫਾਫੇ ਨਹੀਂ, ਕੋਈ ਭੋਜਨ ਨਹੀਂ, ਕੋਈ ਤਰਲ ਪਦਾਰਥ ਅਤੇ ਕੋਈ ਸੂਈਆਂ/ਤਿੱਖੀਆਂ ਚੀਜ਼ਾਂ ਨਹੀਂ

## ਬਾਕੀ ਵਾਲਾ ਕੂੜੇਦਾਨ




ਕੋਈ ਭੋਜਨ ਨਹੀਂ, ਕੋਈ ਘਾਹ ਨਹੀਂ, ਕੋਈ ਰੀਸਾਈਕਲਿੰਗ ਨਹੀਂ ਅਤੇ ਕੋਈ ਸੂਈਆਂ/ਤਿੱਖੀਆਂ ਚੀਜ਼ਾਂ ਨਹੀਂ

## ਭਾਰੀ ਰਹਿੰਦ-ਖੂੰਹਦ ਇਕੱਠੀ ਕਰਨਾ



## ਭਾਈਚਾਰਕ ਰੀਸਾਈਕਲਿੰਗ ਕੇਂਦਰ



## ਭਾਰੀ ਰਹਿੰਦ-ਖੂੰਹਦ ਇਕੱਠੀ ਕਰਨਾ

ਉਹ ਚੀਜ਼ਾਂ ਜੋ ਤੁਹਾਡੇ ਕੂੜੇਦਾਨ ਵਿੱਚ ਇਕੱਠੀਆਂ ਕਰਨ ਲਈ ਬਹੁਤ ਵੱਡੀਆਂ ਜਾਂ ਭਾਰੀ ਹਨ, ਭਾਰੀ ਰਹਿੰਦ-ਖੂੰਹਦ ਇਕੱਠੀ ਕਰਨ ਵਜੋਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ।

ਘਰਾਂ ਨੂੰ ਪ੍ਰਤੀ ਸਾਲ ਚਾਰ ਭਾਰੀ ਰਹਿੰਦ-ਖੂੰਹਦ ਇਕੱਠੀ ਕਰਨ ਦੀਆਂ ਸੇਵਾ ਦਿੱਤੀਆਂ ਜਾਂਦੀਆਂ ਹਨ। ਇਕੱਠਾ ਕੀਤਾ ਸਮਾਨ ਦਾ ਆਕਾਰ ਲਾਜ਼ਮੀ ਤੌਰ ਤੇ ਦੋ ਕਿਊਬਿਕ ਮੀਟਰ ਤੋਂ ਵੱਧ ਨਹੀਂ ਹੋਣੇ ਚਾਹੀਦਾ (ਮੋਟੇ ਤੌਰ ਉੱਤੇ ਬੌਕਸ ਟਰੇਲਰ ਦੇ ਆਕਾਰ ਦਾ)।

**ਇੱਥੇ ਉਹਨਾਂ ਚੀਜ਼ਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ, ਜਿੰਨ੍ਹਾਂ ਨੂੰ ਭਾਰੀ ਰਹਿੰਦ-ਖੂੰਹਦ ਇਕੱਠਾ ਕਰਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ:**

- ✓ ਅਣਚਾਹਿਆ ਫਰਨੀਚਰ
- ✓ ਗੱਦੇ
- ✓ ਬਿਜਲੀ ਵਾਲੀਆਂ ਚੀਜ਼ਾਂ (ਵ੍ਹਾਈਟਗੁਡਜ਼)
- ✓ ਬਗੀਚੇ ਦੀ ਕਤਰਨਾਂ (ਲਾਜ਼ਮੀ ਤੌਰ ਉੱਤੇ ਡੱਬੇ ਵਿੱਚ ਪਾਈਆਂ ਜਾਣੀਆਂ ਚਾਹੀਦੀਆਂ ਹਨ)
- ✓ ਰੁੱਖਾਂ ਦੀਆਂ ਟਾਹਣੀਆਂ (ਪ੍ਰਬੰਧ ਕਰਨ ਯੋਗ ਪੰਡਾਂ ਵਿੱਚ ਬੰਨ੍ਹੀਆਂ ਹੋਈਆਂ ਅਤੇ 1.2 ਮੀਟਰ ਤੋਂ ਵੱਧ ਲੰਬਾਈ ਨਹੀਂ)
- ✓ ਛੋਟੀਆਂ ਘਰੇਲੂ ਚੀਜ਼ਾਂ (ਲਾਜ਼ਮੀ ਤੌਰ ਉੱਤੇ ਡੱਬੇ ਵਿੱਚ ਪਾਈਆਂ ਜਾਂ ਝੋਲਿਆਂ ਵਿੱਚ ਪਾਈਆਂ ਜਾਣੀਆਂ ਚਾਹੀਦੀਆਂ ਹਨ)

ਭਾਰੀ ਰਹਿੰਦ-ਖੂੰਹਦ ਇਕੱਠਾ ਕਰਵਾਉਣ ਨੂੰ ਕਿਵੇਂ ਬੁੱਕ ਕਰਨਾ ਹੈ, ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ **penrith.city/bulkywaste** ਉੱਤੇ ਜਾਓ।

## ਭਾਈਚਾਰਕ ਰੀਸਾਈਕਲਿੰਗ ਕੇਂਦਰ

Penrith ਭਾਈਚਾਰਕ ਰੀਸਾਈਕਲਿੰਗ ਕੇਂਦਰ (Penrith Community Recycling Centre) (CRC) ਵਸਨੀਕਾਂ ਨੂੰ ਰੀਸਾਈਕਲਿੰਗ ਲਈ ਆਪਣੀ ਸਮੱਸਿਆ ਵਾਲੀ ਘਰੇਲੂ ਰਹਿੰਦ-ਖੂੰਹਦ ਨੂੰ ਛੱਡ ਕੇ ਜਾਣ ਦੀ ਆਗਿਆ ਦਿੰਦਾ ਹੈ।

**ਇੱਥੇ ਉਹਨਾਂ ਚੀਜ਼ਾਂ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ ਜਿੰਨ੍ਹਾਂ ਨੂੰ CRC ਵਿਖੇ ਛੱਡਿਆ ਜਾ ਸਕਦਾ ਹੈ:**

- ✓ ਬੈਟਰੀਆਂ
- ✓ ਇਲੈਕਟ੍ਰੌਨਿਕ ਰਹਿੰਦ-ਖੂੰਹਦ (ਕੰਪਿਊਟਰ, ਟੈਲੀਵਿਜ਼ਨ, ਮੋਬਾਈਲ ਫੋਨ ਅਤੇ ਉਪਕਰਣ)
- ✓ ਫਲੂਰੋ ਲਾਈਟ ਬਲਬ ਅਤੇ ਟਿਊਬਾਂ
- ✓ ਗੈਸ ਦੀਆਂ ਬੋਤਲਾਂ ਅਤੇ ਅੱਗ ਬੁਝਾਊ ਯੰਤਰ
- ✓ ਗੱਡੀਆਂ ਵਾਲੇ ਅਤੇ ਹੋਰ ਤੇਲ
- ✓ ਰੰਗ-ਰੋਗਨ
- ✓ ਸਾਦਾ ਚਿੱਟਾ ਪੌਲੀਸਟਾਇਰੀਨ

CRC ਗੇਟ 3, 96 Dunheved Circuit, St Marys ਵਿਖੇ ਸਥਿਤ ਹੈ ਅਤੇ ਇਹਨਾਂ ਸਮਿਆਂ ਤੇ ਖੁੱਲ੍ਹਾ ਹੈ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਦੁਪਹਿਰ 2 ਵਜੇ ਤੱਕ ਅਤੇ ਸ਼ਨੀਵਾਰ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ।

ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ **penrith.city/CRC** ਉੱਤੇ ਜਾਓ।

Community Recycling Centres

# 3-ਕੂੜੇਦਾਨਾਂ ਦੇ ਸੇਵਾ ਦੇ ਵਿਕਲਪ

ਆਪਣੇ ਕੂੜੇ ਦੀ ਛਾਂਟੀ ਨੂੰ ਵੱਧ ਤੋਂ ਵੱਧ ਸਰਲ ਅਤੇ ਸੁਵਿਧਾਜਨਕ ਬਣਾਉਣ ਲਈ, ਅਸੀਂ ਤੁਹਾਡੇ ਘਰ ਦੀਆਂ ਰਹਿੰਦ-ਖੂੰਹਦ ਦੀਆਂ ਲੋੜਾਂ ਲਈ ਸਭ ਤੋਂ ਵਧੀਆ ਢੁੱਕਵੇਂ ਕਈ ਤਰ੍ਹਾਂ ਦੇ ਵੱਖ-ਵੱਖ ਸੇਵਾ ਵਿਕਲਪ ਪੇਸ਼ ਕਰਦੇ ਹਾਂ।


ਵਸਨੀਕਾਂ ਦੁਆਰਾ ਚੁਣੇ ਗਏ ਚਾਰ ਸਭ ਤੋਂ ਆਮ ਸੇਵਾ ਵਿਕਲਪ ਹੇਠਾਂ ਦਿਖਾਏ ਗਏ ਹਨ।

ਜੇ ਤੁਸੀਂ ਆਪਣੇ ਰੀਸਾਈਕਲਿੰਗ ਕੂੜੇਦਾਨ ਵਿੱਚ ਜਗ੍ਹਾ ਲਈ ਸੰਘਰਸ਼ ਕਰ ਰਹੇ ਹੋ, ਤਾਂ ਤੁਸੀਂ ਇਕ ਵੱਡੇ ਰੀਸਾਈਕਲਿੰਗ ਕੂੜੇਦਾਨ ਲਈ ਬੇਨਤੀ ਕਰ ਸਕਦੇ ਹੋ, ਜਾਂ ਆਪਣੀ ਵਰਤਮਾਨ ਰਹਿੰਦ-ਖੂੰਹਦ ਸੇਵਾ ਵਿੱਚ ਇਕ ਦੂਜਾ ਰੀਸਾਈਕਲਿੰਗ ਕੂੜੇਦਾਨ ਸ਼ਾਮਲ ਕਰਨ ਦਾ ਪ੍ਰਬੰਧ ਕਰ ਸਕਦੇ ਹੋ।

ਤਬਦੀਲੀ ਕਰਨ ਲਈ ਜਾਂ ਆਪਣੀ ਰਹਿੰਦ-ਖੂੰਹਦ ਸੇਵਾ ਬਾਰੇ ਕਿਸੇ ਨਾਲ ਗੱਲ ਕਰਨ ਲਈ, ਕੌਂਸਲ ਨੂੰ **4732 7777** ਉੱਤੇ ਫੋਨ ਕਰੋ।


## ਟਿਕਾਊ ਸੇਵਾ

**240ਲੀਟਰ** FOGO ਕੂੜੇਦਾਨ **ਹਫਤੇਵਾਰ**
**240ਲੀਟਰ** ਰੀਸਾਈਕਲਿੰਗ ਕੂੜੇਦਾਨ **ਪੰਦਰਵਾੜੇ ਬਾਅਦ**
**140ਲੀਟਰ** ਬਾਕੀ ਬਚਿਆ ਕੂੜੇਦਾਨ **ਪੰਦਰਵਾੜੇ ਬਾਅਦ**





## ਵੱਡੀ ਬਚੀ ਹੋਈ ਰਹਿੰਦ-ਖੂੰਹਦ ਸੇਵਾ

**240ਲੀਟਰ** FOGO ਕੂੜੇਦਾਨ **ਹਫਤੇਵਾਰ**
**240ਲੀਟਰ** ਰੀਸਾਈਕਲਿੰਗ ਕੂੜੇਦਾਨ **ਪੰਦਰਵਾੜੇ ਬਾਅਦ**
**240ਲੀਟਰ** ਬਾਕੀ ਬਚਿਆ ਕੂੜੇਦਾਨ **ਪੰਦਰਵਾੜੇ ਬਾਅਦ**





## ਹਫਤਾਵਾਰੀ ਬਚੀ ਹੋਈ ਸੇਵਾ

**240ਲੀਟਰ** FOGO ਕੂੜੇਦਾਨ **ਹਫਤੇਵਾਰ**
**240ਲੀਟਰ** ਰੀਸਾਈਕਲਿੰਗ ਕੂੜੇਦਾਨ **ਪੰਦਰਵਾੜੇ ਬਾਅਦ**
**140ਲੀਟਰ** ਬਾਕੀ ਬਚਿਆ ਕੂੜੇਦਾਨ **ਪੰਦਰਵਾੜੇ ਬਾਅਦ**




## ਹਫਤਾਵਾਰੀ ਵੱਡੀ ਬਚੀ ਹੋਈ ਰਹਿੰਦ-ਖੂੰਹਦ ਸੇਵਾ

**240ਲੀਟਰ** FOGO ਕੂੜੇਦਾਨ **ਹਫਤੇਵਾਰ**
**240ਲੀਟਰ** ਰੀਸਾਈਕਲਿੰਗ ਕੂੜੇਦਾਨ **ਪੰਦਰਵਾੜੇ ਬਾਅਦ**
**240ਲੀਟਰ** ਬਾਕੀ ਬਚਿਆ ਕੂੜੇਦਾਨ **ਪੰਦਰਵਾੜੇ ਬਾਅਦ**



# FOGO ਦੀ ਚੱਕਰੀ ਆਰਥਿਕਤਾ

**ਇੱਥੇ ਸ਼ੁਰੂ ਹੁੰਦੀ ਹੈ**



# ਪੈਨਰਿਥ ਵੈਸਟ ਚੈਂਪੀਅਨ ਐਪ (Penrith Waste Champion App)

ਵਧੇਰੇ ਮਦਦਗਾਰੀ ਰਹਿੰਦ-ਖੂੰਹਦ ਨਾਲ ਸਬੰਧਿਤ ਜਾਣਕਾਰੀ ਵਾਸਤੇ, Google Play ਜਾਂ Apple App Store ਤੋਂ Penrith ਵੇਸਟ ਚੈਂਪੀਅਨ ਐਪ (Penrith Waste Champion App) ਡਾਊਨਲੋਡ ਕਰੋ। ਆਪਣੇ ਕੂੜੇਦਾਨ ਦੇ ਦਿਨਾਂ ਨੂੰ ਯਾਦ ਰੱਖਣ ਵਿੱਚ ਤੁਹਾਡੀ ਮਦਦ ਕਰਨ ਲਈ 3-ਕੂੜੇਦਾਨ ਇਕੱਠਾ ਕਰਨ ਵਾਲਾ ਕੈਲੰਡਰ, ਆਉਣ ਵਾਲੇ ਸਮੇਂ ਵਿੱਚ ਰਹਿੰਦ-ਖੂੰਹਦ ਦੇ ਸਮਾਗਮਾਂ ਬਾਰੇ ਜਾਣਕਾਰੀ ਅਤੇ ਤੁਹਾਡੇ ਲਈ ਛਾਂਟੀ ਦੇ ਸੌਖੇ ਨੁਕਤੇ ਜਦੋਂ ਤੁਹਾਨੂੰ ਪੱਕਾ ਪਤਾ ਨਹੀਂ ਹੁੰਦਾ ਕਿ ਕਿਹੜੇ ਕੂੜੇਦਾਨ ਦੀ ਵਰਤੋਂ ਕਰਨੀ ਹੈ, ਐਪ ਵਿੱਚ ਸ਼ਾਮਲ ਹੈ।



NSW GOVERNMENT

ਇਹ ਪ੍ਰੋਜੈਕਟ ਐਨ ਐਸ ਡਬਲਿਊ ਵਾਤਾਵਰਣ ਸੁਰੱਖਿਆ ਅਥਾਰਟੀ (NSW Environment Protection Authority) ਦੀ ਪਹਿਲ ਕਦਮੀ ਹੈ, ਇਸ ਨੂੰ ਕੂੜੇ ਵਾਲੀ ਲੈਵੀ ਤੋਂ ਮਾਲੀ ਸਹਾਇਤਾ ਦਿੱਤੀ ਗਈ ਹੈ।

PENRITH CITY COUNCIL